ਵੱਲੋਂ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ),
ਪੰਜਾਬ, ਚੰਡੀਗੜ੍ਹ।

ਵੱਲ

ਰਜਿਸਟਰਾਰ,
ਆਈ.ਕੇ.ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ,
ਜਲੰਧਰ।

ਮੀਮੋ ਨੰ: 886 /ਸ-1/ਈ.ਸੀ.ਸੀ./2016 ਮਿਤੀ: 30/6/16.

ਵਿਸ਼ਾ: **Admission to B.Pharmacy Couse under Tuition Fee Waiver Scheme in Academic Session 2016-17.**

ਹਵਾਲਾ: ਆਪ ਦਾ ਪੱਤਰ ਨੰ: IKGPTU/Reg/923 ਮਿਤੀ 26/05/2016 ਦੇ ਹਵਾਲੇ ਵਿੱਚ, ਉਪਰੋਕਤ ਵਿਸ਼ੇ ਤੇ।

ਵਿਸ਼ਾ ਅਧੀਨ ਮਾਮਲੇ ਦੇ ਸਬੰਧ ਵਿੱਚ ਇਹ ਦਸਿਆ ਜਾਂਦਾ ਹੈ ਕਿ ਜਿਨ੍ਹਾਂ ਬੀ.ਫਾਰਮੇਸੀ ਸੰਸਥਾਵਾਂ ਨੇ ਫਾਰਮੇਸੀ ਐਕਟ 1948 ਦੇ ਸੈਕਸ਼ਨ 12 ਅਧੀਨ ਆਪਣੇ ਫਾਰਮੇਸੀ ਕੋਰਸ ਦੀ ਫਾਰਮੇਸੀ ਕੌਂਸਲ ਆਫ ਇੰਡੀਆ ਤੋਂ ਮਾਨਤਾ ਪ੍ਰਾਪਤ ਨਹੀ ਕੀਤੀ ਉਨ੍ਹਾਂ ਸੰਸਥਾਵਾਂ ਬਾਰੇ ਪਹਿਲਾਂ ਹੀ ਇਸ ਵਿਭਾਗ ਵੱਲੋਂ ਹੇਠ ਅਨੁਸਾਰ ਹੁਕਮ ਕੀਤੇ ਹੋਏ ਹਨ:-

1. ਫਾਰਮੇਸੀ ਵਿਭਾਗ ਦੇ ਦਾਖਲੇ ਸਬੰਧੀ ਛੱਪਣ ਵਾਲੇ ਪ੍ਰਾਸਪੈਕਟ/ਵਿਗਿਆਪਨ ਵਿੱਚ ਸੰਸਥਾ ਦੀ ਫਾਰਮੇਸੀ ਕੌਂਸਲ ਆਫ ਇੰਡੀਆ ਤੋਂ ਮਾਨਤਾ ਪ੍ਰਾਪਤ ਹੋਣ/ਨਾ ਹੋਣ ਦਾ ਸਪੱਸ਼ਟ ਜਿਕਰ ਕੀਤਾ ਜਾਵੇ।
2. ਜਿਸ ਸੰਸਥਾ ਵਿੱਚ ਫਾਰਮੇਸੀ ਦਾ ਦਾਖਲਾ ਕੀਤਾ ਜਾਂਦਾ ਹੈ, ਉਸ ਦੇ ਨੋਟਿਸ ਬੋਰਡ ਤੇ ਫਾਰਮੇਸੀ ਕੌਂਸਲ ਆਫ ਇੰਡੀਆ ਤੋਂ ਮਾਨਤਾ ਪ੍ਰਾਪਤ ਹੋਣ/ਨਾ ਹੋਣ ਦਾ ਨੋਟਿਸ ਲਗਾਇਆ ਜਾਵੇ।

ਇਸ ਕੇਸ ਵਿਚ ਵੀ ਫਾਰਮੇਸੀ ਕੌਂਸਲ ਆਫ ਇੰਡੀਆ ਵੱਲੋਂ ਸਰਵ ਭਾਰਤੀ ਤਕਨੀਕੀ ਸਿੱਖਿਆ ਕੌਂਸਲ ਦੀ ਫੀਸ ਵੇਵਰ ਸਕੀਮ ਤਹਿਤ ਵਾਧੂ 5% ਸੀਟਾਂ ਨੂੰ ਮਾਨਤਾ ਨਹੀਂ ਦਿੱਤੀ ਜਾ ਰਹੀ। ਇਸ ਲਈ ਫੀਸ ਵੇਵਰ ਸਕੀਮ ਤਹਿਤ ਬੀ ਫਾਰਮੇਸੀ ਕੋਰਸ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਇਹ ਸਪੱਸ਼ਟ ਤੋਰ ਤੇ ਦਰਸਾ ਦਿੱਤਾ ਜਾਵੇ ਕਿ ਇਸ ਸਕੀਮ ਤਹਿਤ ਦਾਖਲ ਹੋਣ ਤੇ ਉਹਨਾਂ ਨੂੰ ਫਾਰਮੇਸੀ ਕੌਂਸਲ ਆਫ ਇੰਡੀਆ ਕੋਲ ਫਾਰਮਾਸਿਸਟ ਵਜੋਂ ਰਜਿਸਟਰੇਸ਼ਨ ਨਹੀਂ ਹਵੇਗੀ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ

ਪਿ:ਅੰ:ਨੰ: /ਸ-1/ਈ.ਸੀ.ਸੀ./2016 ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ।
2) ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ